# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 9-10-2023**

ਕੇਂਦਰੀ ਸਹਿਕਾਰਤਾ ਮੰਤਰਾਲੇ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਹਿਕਾਰੀ ਸਭਾਵਾਂ ਦੇ ਰਜਿਸਟਰਾਰਾਂ ਤੇ ਇੱਕ ਹਜ਼ਾਰ 851 ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕਾਂ ਦੇ ਦਫ਼ਤਰਾਂ ਦਾ ਕੰਪਿਊਟਰੀ-ਕਰਨ ਅਤੇ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਏ।

ਮੁਢਲੀਆਂ ਖੇਤੀਬਾੜੀ ਕਰਜ਼ ਸੋਸਾਇਟੀਆਂ ਦੇ ਕੰਪਿਊਟਰੀ-ਕਰਨ ਦੀ ਯੋਜਨਾ ਦੀ ਤਰਜ਼ 'ਤੇ 13 ਸੂਬਿਆਂ ਵਿੱਚ ਕੰਮ ਕਰ ਰਹੇ, ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕਾਂ ਦੇ ਕੰਪਿਊਟਰੀ-ਕਰਨ ਲਈ ਇੱਕ ਕੇਂਦਰ ਦੀ ਹਮਾਇਤ ਵਾਲੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਏ।

ਇਸ ਯੋਜਨਾ 'ਤੇ ਕੁੱਲ 225 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਏ। ਇਹ ਕੌਮੀ ਏਕੀਕ੍ਰਿਤ ਸਾਫਟਵੇਅਰ ਅਤੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਦਫਤਰਾਂ ਦੇ ਕੰਪਿਊਟਰੀਕਰਨ ਰਾਹੀਂ ਕੀਤਾ ਜਾਵੇਗਾ। ਸਹਿਕਾਰਤਾ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਏ

ਕਿ ਇੱਕ ਕੇਂਦਰੀ ਨਿਗਰਾਨੀ ਯੂਨਿਟ ਸਥਾਪਤ ਕੀਤਾ ਜਾਵੇਗਾ, ਜਿਹੜਾ ਯੋਜਨਾ ਨੂੰ ਕਾਮਯਾਬੀ ਨਾਲ ਲਾਗੂ ਕਰਨ ਲਈ ਕੰਮ ਕਰੇਗਾ।

---------------------------------------------------------------

ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ, ਮੋਗਾ ਜ਼ਿਲੇ ਦੇ ਹੰਡਿਆਇਆ ਵਿਖੇ ਕਲ 57 ਲੱਖ 6 ਹਜ਼ਾਰ ਦੇ ਵੱਖ ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਏ। ਉਨ੍ਹਾਂ ਦੱਸਿਆ ਕਿ 57 ਲੱਖ 6 ਹਜ਼ਾਰ ਦੀ ਨਵੀਂ ਗ੍ਰਾਂਟ ਨਾਲ ਹੰਡਿਆਇਆ ਦੇ ਵੱਖ ਵੱਖ ਵਾਰਡਾਂ ਵਿੱਚ ਇੰਟਰਲਾਕਿੰਗ ਦੇ ਕੰਮਾਂ ਤੋਂ ਇਲਾਵਾ ਬੂਟੇ ਅਤੇ ਟ੍ਰੀ ਗਾਰਡ ਲਗਾਏ ਜਾਣੇ ਨੇ।

ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਆਉਂਦੇ ਸਮੇਂ ਹੋਰ ਵਿਕਾਸ ਕਾਰਜ ਵੀ ਜਾਰੀ ਰਹਿਣਗੇ। ਇਸ ਤੋਂ ਇਲਾਵਾ ਉਨ੍ਹਾਂ ਯੂਨੀਵਰਸਿਟੀ ਕਾਲਜ ਬਰਨਾਲਾ ਵਿਖੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ।

---------------------------------------------------------------

ਬੈਲਗ੍ਰੇਡ ਵਿੱਚ ਭਾਰਤ ਦੇ ਉੱਘੇ ਸਾਹਿਤਕਾਰ ਡਾ. ਜਰਨੈਲ ਸਿੰਘ ਆਨੰਦ ਨੂੰ ਕੌਮਾਂਤਰੀ ਪੁਰਸਕਾਰ ''ਚਾਰਟਰ ਆਫ਼ ਮੋਰਾਵਾ'' ਦੇਣ ਦਾ ਐਲਾਨ ਕੀਤਾ ਗਿਆ ਏ।

ਅੰਗਰੇਜ਼ੀ ਵਿੱਚ 150 ਤੋਂ ਵੱਧ ਕਿਤਾਬਾਂ ਦੇ ਲੇਖਕ ਅਤੇ ਦੁਨੀਆ ਨੂੰ 'ਕੌਮਾਂਤਰੀ ਅਕੈਡਮੀ ਆਫ਼ ਐਥਿਕਸ' ਦੇਣ ਵਾਲੇ ਵਿਸ਼ਵ ਸਾਹਿਤ ਦੇ ਮਹਾਂਨਾਇਕ ਡਾ. ਆਨੰਦ ਨੂੰ, 20 ਤੋਂ 23 ਅਕਤੂਬਰ ਤਕ ਹੋਣ ਵਾਲੇ ਕੌਮਾਂਤਰੀ ਮੀਟਿੰਗ ਆਫ਼ ਰਾਈਟਰਜ਼ ਲਈ ਸੱਦਾ ਮਿਲਿਆ ਏ ਅਤੇ ਉਨ੍ਹਾਂ ਨੂੰ ਸਰਬੀਅਨ ਰਾਈਟਜ਼ ਐਸੋਸੀਏਸ਼ਨ ਵੱਲੋਂ ਕੌਮਾਂਤਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਉਹ ਪਹਿਲੇ ਭਾਰਤੀ ਸਾਹਿਤਕਾਰ ਨੇ, ਜਿਨ੍ਹਾਂ ਦਾ ਨਾਮ ਸਰਬੀਆ ਵਿੱਚ ਲਗੀ ਹੋਈ ਪੋਇਟਸ ਰਾਕ 'ਤੇ ਲਿਖਿਆ ਜਾਵੇਗਾ । ਜ਼ਿਕਰਯੋਗ ਏ ਕਿ ਡਾ. ਆਨੰਦ ਨੇ 40 ਸਾਲ, ਵਿਦਿਆ ਦੇ ਖੇਤਰ ਨੂੰ ਸਮਰਪਿਤ ਕੀਤੇ ਨੇ ਅਤੇ ਇਸ ਅਰਸੇ ਦੌਰਾਨ ਕਾਵਿ ਰਚਨਾ ਪ੍ਰਤੀ ਉਨ੍ਹਾਂ ਦਾ ਲਗਾਅ ਬਣਿਆ ਰਿਹਾ।

------------------------------------------------------------------

ਜਲੰਧਰ ਸ਼ਹਿਰ ਦੇ ਅਵਤਾਰ ਨਗਰ ਇਲਾਕੇ ਵਿੱਚ ਬੀਤੀ ਰਾਤ, ਇਕ ਮਕਾਨ ਵਿੱਚ ਅੱਗ ਲੱਗਣ ਨਾਲ ਇਕੋ ਪਰਿਵਾਰ ਦੇ 6 ਜਣਿਆਂ ਦੀ ਮੌਤ ਹੋ ਗਈ। ਇਨਾਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਨੇ।

ਦੱਸਿਆ ਜਾ ਰਿਹਾ ਏ ਕਿ ਅੱਗ ਸਿਲੰਡਰ 'ਚ ਧਮਾਕਾ ਹੋਣ ਜਾਂ ਘਰ 'ਚ ਰੱਖੇ ਫਰਿੱਜ 'ਚੋਂ ਗੈਸ ਲੀਕ ਹੋਣ ਕਾਰਨ ਲੱਗੀ। ਘਟਨਾ ਵੇਲੇ ਇਹ ਸਾਰੇ ਟੀ ਵੀ ਤੇ ਮੈਚ ਦੇਖ ਰਹੇ ਸਨ ਜਦਕਿ ਘਰ ਦੀ ਇਕ ਬਜ਼ੁਰਗ ਔਰਤ ਘਰ ਤੋਂ ਬਾਹਰ ਹੋਣ ਕਾਰਣ ਬਚ ਗਈ।

ਇਲਾਕਾ ਵਾਸੀਆਂ ਨੇ ਅੱਗ ਲੱਗਣ ਦੀ ਸੂਚਨਾ ਤੁਰੰਤ ਫਾਇਰ ਬ੍ਰਿਗੇਡ ਸਮੇਤ ਪੁਲਿਸ ਨੂੰ ਦਿੱਤੀ। ਜਿਸ ਤੇ ਫਾਇਰ ਬ੍ਰਿਗੇਡ ਦੀਆਂ 2 ਗੱਡੀਆਂ ਮੌਕੇ 'ਤੇ ਪਹੁੰਚ ਗਈਆਂ। ਘਟਨਾ ਦੀ ਜਾਂਚ ਲਈ ਪੁਲਸ ਨੇ ਫੋਰੇਂਸਿਕ ਟੀਮਾਂ ਨੂੰ ਵੀ ਮੌਕੇ ਤੇ ਬੁਲਾਇਆ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਏ।

---

ਭਾਰਤ-ਪਾਕਿਸਤਾਨ ਸਰਹੱਦ ’ਤੇ ਸੀਮਾ ਸੁਰੱਖਿਆ ਬਲ ਨੇ ਬੀਤੇ ਦਿਨ, ਪਾਕਿਸਤਾਨੀ ਤਸਕਰਾਂ ਦੀ ਡਰੱਗ ਪਹੁੰਚਾਉਣ ਦੀ ਇੱਕ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।

ਬਲ ਨੇ ਸਰਹੱਦ ਪਾਰੋਂ ਆਏ ਇੱਕ ਡਰੋਨ ਨੂੰ ਕਬਜ਼ੇ ਵਿੱਚ ਲਿਆ। ਇਸ ਡਰੋਨ ਨਾਲ 6 ਕਿਲੋ 300 ਗ੍ਰਾਮ ਹੈਰੋਇਨ ਦੀ ਖੇਪ ਬੰਨ੍ਹੀ ਹੋਈ ਸੀ। ਜਿਸਦੀ ਕੌਮਾਂਤਰੀ ਕੀਮਤ 42 ਕਰੋੜ ਦੇ ਕਰੀਬ ਦੱਸੀ ਜਾ ਰਹੀ ਏ। ਡਰੋਨ ਨੂੰ, ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਗਿਆ ਏ।

ਬਲ ਦੇ ਅਧਿਕਾਰੀਆਂ ਅਨੁਸਾਰ ਇਹ ਡਰੋਨ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਹਰਦੋ ਰਤਨ ਤੋਂ ਜ਼ਬਤ ਕੀਤਾ ਗਿਆ ਏ । ਬਲ ਨੂੰ ਡਰੋਨ ਦੇ ਭਾਰਤੀ ਸਰਹੱਦ ਵਿੱਚ ਆਉਣ ਦੀ ਸੂਚਨਾ ਮਿਲੀ ਸੀ ਜਿਸ ਤੇ ਇਲਾਕੇ ਵਿੱਚ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸਦੇ ਨਾਲ 60 ਗ੍ਰਾਮ ਅਫੀਮ ਨੂੰ ਵੀ ਜ਼ਬਤ ਕੀਤਾ ਗਿਆ ਏ।

---------------------------------------------------------------

ਆਈ. ਸੀ. ਸੀ. ਵਿਸ਼ਵ ਕੱਪ ਕ੍ਰਿਕਟ ਵਿੱਚ ਭਾਰਤ ਨੇ ਬੀਤੀ ਰਾਤ ਆਸਟਰੇਲੀਆ ਨੂੰ 6 ਵਿਕਟਾਂ ਨਾਲ ਹਰਾ ਕੇ ਆਪਣੀ ਮੁਹਿੰਮ ਦੀ ਜੇਤੂ ਸ਼ੁਰੂਆਤ ਕੀਤੀ।

ਆਸਟ੍ਰੇਲੀਆ ਵੱਲੋਂ ਦਿੱਤੇ 200 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤ ਨੇ, 41 ਓਵਰਾਂ ਅਤੇ 2 ਗੇਂਦਾਂ 'ਤੇ 4 ਵਿਕਟਾਂ ਦੇ ਨੁਕਸਾਨ 'ਤੇ 201 ਦੌੜਾਂ ਬਣਾਈਆਂ। ਭਾਰਤ ਦੀ ਸ਼ੁਰੂਆਤ ਬੇਹੱਦ ਹੀ ਖ਼ਰਾਬ ਰਹੀ ਪਰ ਮਗਰੋਂ ਵਿਰਾਟ ਕੋਹਲੀ ਅਤੇ ਕੇ ਐਲ ਰਾਹੁਲ ਨੇ ਪਾਰੀ ਨੂੰ ਸੰਭਾਲਿਆ।

ਵਿਸ਼ਵ ਕੱਪ ਵਿੱਚ ਅੱਜ ਨਿਊਜ਼ੀਲੈਂਡ ਦਾ ਸਾਹਮਣਾ ਨੀਦਰਲੈਂਡ ਨਾਲ ਹੋਵੇਗਾ। ਹੈਦਰਾਬਾਦ ਵਿੱਚ ਇਹ ਮੈਚ ਦੁਪਹਿਰ 2 ਵਜੇ ਤੋਂ ਖੇਡਿਆ ਜਾਵੇਗਾ।

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, 17 ਸਤੰਬਰ ਨੂੰ ਸ਼ਿਲਪਕਾਰਾਂ ਤੇ ਕਾਰੀਗਰਾਂ ਲਈ ਪੀ ਐਮ ਵਿਸ਼ਵਕਰਮਾ ਯੋਜਨਾ ਦਾ ਐਲਾਨ ਕੀਤਾ ਸੀ।

18 ਰਵਾਇਤੀ ਕਾਰੀਗਰਾਂ ਅਤੇ ਕਾਮਿਆਂ ਨੂੰ ਸ਼ਾਮਲ ਕਰਨ ਵਾਲੀ, ਇਸ ਯੋਜਨਾ ਦਾ ਮੁੱਖ ਉਦੇਸ਼ ਉਤਪਾਦਾਂ ਤੇ ਸੇਵਾਵਾਂ ਨੂੰ ਸਰਵ-ਵਿਆਪਕ ਪਹੁੰਚਯੋਗ ਬਣਾਉਣਾ ਅਤੇ ਗੁਣਵੱਤਾ ਵਿੱਚ ਸੁਧਾਰ ਕਰਨਾ ਏ। ਇਸ ਤੋਂ ਇਲਾਵਾ ਇਸ ਨੂੰ ਘਰੇਲੂ ਅਤੇ ਆਲਮੀ ਕੀਮਤ ਲੜੀ ਨਾਲ ਵੀ ਜੋੜਿਆ ਜਾਵੇਗਾ।

ਇਸ ਯੋਜਨਾ ਦਾ ਲਾਭ ਲੈਣ ਲਈ, ਬਿਨੈਕਾਰ ਭਾਰਤੀ ਹੋਣਾ ਚਾਹੀਦੈ, ਉਹ ਰਵਾਇਤੀ ਸ਼ਿਲਪਕਾਰ ਜਾਂ ਕਾਰੀਗਰ ਹੋਵੇ। ਉਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਏ ਅਤੇ ਬਿਨੈਕਾਰ ਨੇ PM-EGP, PM-ਸਵੈਨਿਧੀ ਅਤੇ ਮੁਦਰਾ ਯੋਜਨਾ ਦਾ ਲਾਭ ਨਾ ਲਿਆ ਹੋਵੇ।

ਜੇ ਕਿਸੇ ਲਾਭਪਾਤਰੀ ਨੇ ਇਨ੍ਹਾਂ ਤਿੰਨਾਂ ਯੋਜਨਾਵਾਂ ਤਹਿਤ ਆਪਣੇ ਕਰਜ਼ੇ ਦੀ ਪੂਰੀ ਅਦਾਇਗੀ ਕਰ ਦਿੱਤੀ ਏ ਤਾਂ ਉਹ, ਵਿਸ਼ਵਕਰਮਾ ਯੋਜਨਾ ਦਾ ਲਾਭ ਲੈਣ ਦੇ ਯੋਗ ਹੋਣਗੇ।

ਯੋਗ ਕਾਰੀਗਰ ਅਤੇ ਸ਼ਿਲਪਕਾਰ ਪੀਐਮ ਵਿਸ਼ਵਕਰਮਾ ਯੋਜਨਾ ਦਾ ਲਾਭ, ਆਨ-ਲਾਈਨ ਅਧਿਕਾਰਤ ਵੈਬਸਾਈਟ 'ਤੇ ਅਪਲਾਈ ਕਰਕੇ ਲੈ ਸਕਦੇ ਨੇ। ਲਾਭਪਾਤਰੀ ਲਈ ਸਭ ਤੋਂ ਪਹਿਲਾਂ ਆਪਣੇ ਮੋਬਾਇਲ ਨੰਬਰ ਤੇ ਆਧਾਰ

ਕਾਰਡ ਦੀ ਮਦਦ ਨਾਲ, ਇਸ ਯੋਜਨਾ ਵਿੱਚ ਆਪਣੀ ਰਜਿਸਟਰੇਸ਼ਨ ਕਰਨੀ ਜ਼ਰੂਰੀ ਏ। ਯੋਜਨਾ ਦੇ ਅਧਿਕਾਰਿਤ ਪੋਰਟਲ ਵੱਲੋਂ OTP ਰਾਹੀਂ ਲਾਭਪਾਤਰੀ ਦੇ ਮੋਬਾਇਲ ਨੰਬਰ ਤੇ ਆਧਾਰ ਕਾਰਡ ਦੀ ਤਸਦੀਕ ਕੀਤੀ ਜਾਵੇਗੀ ਅਤੇ ਇਸ ਮਗਰੋਂ ਲਾਭਪਾਤਰੀ ਦੇ ਸਾਹਮਣੇ ਵਿਸ਼ਵਕਰਮਾ ਯੋਜਨਾ ਦਾ ਰਜਿਸਟ੍ਰੇਸ਼ਨ ਨੰਬਰ ਆ ਜਾਵੇਗਾ। ਵੈਬਸਾਈਟ ਤੇ ਜਾ ਕੇ ਲਾਭਪਾਤਰੀ ਆਪਣਾ ਬਿਨੇਪੱਤਰ ਭਰ ਸਕਦਾ ਏ।

ਇਸ ਲਈ ਆਧਾਰ ਕਾਰਡ, ਵੋਟਰ ਕਾਰਡ, ਮੋਬਾਇਲ ਨੰਬਰ, ਬੈਂਕ ਖਾਤੇ ਦਾ ਵੇਰਵਾ, ਆਮਦਨ ਸਰਟੀਫਿਕੇਟ, ਕਾਰੀਗਰੀ ਨਾਲ ਸਬੰਧਤ ਦਸਤਾਵੇਜ਼ ਅਤੇ ਜਾਤੀ ਸਰਟੀਫਿਕੇਟ ਅਪਲੋਡ ਕਰਨੇ ਹੋਣਗੇ।

ਸਬੰਧਤ ਅਧਿਕਾਰੀਆਂ ਵੱਲੋਂ ਬਿਨੇਪੱਤਰ ਅਤੇ ਦਸਤਾਵੇਜਾਂ ਦੀ ਜਾਂਚ ਕੀਤੀ ਜਾਵੇਗੀ। ਉਸ ਤੋਂ ਬਾਅਦ ਚੁਣੇ ਗਏ ਕਾਰੀਗਰ ਤੇ ਸ਼ਿਲਪਕਾਰਾਂ ਨੂੰ, ਬਿਨਾਂ ਕਿਸੇ ਜ਼ਮਾਨਤ ਦੇ ਕਰਜ਼ਾ ਮੁੱਹਈਆ ਕੀਤਾ ਜਾਵੇਗਾ। ਯੋਜਨਾ ਦਾ ਲਾਭ ਪਰਿਵਾਰ ਦੇ ਕਿਸੇ ਇੱਕ ਮੈਂਬਰ ਤੱਕ ਸੀਮਿਤ ਹੋਵੇਗਾ। ਸਰਕਾਰੀ ਨੌਕਰੀ ਕਰਨ ਵਾਲੇ ਜਾਂ ਉਸ ਦੇ ਪਰਿਵਾਰਕ ਮੈਂਬਰ ਇਸ ਯੋਜਨਾ ਦੇ ਅਧੀਨ ਨਹੀਂ ਹੋਣਗੇ।